# Telephone conversation between Prime Minister Shri Narendra Modi and Vice President of the USA, Her Excellency Kamala Harris

June 03, 2021

# ਪ੍ਰਧਾਨ ਮੰਤਰੀ ਨੇ ਅਮਰੀਕਾ ਦੀ ਉਪ–ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਲ ਗੱਲਬਾਤ ਕੀਤੀ

3 ਜੂਨ, 2021

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਸੰਯੁਕਤ ਰਾਜ ਅਮਰੀਕਾ ਦੀ ਉਪ–ਰਾਸ਼ਟਰਪਤੀ ਮਹਾਮਹਿਮ ਕਮਲਾ ਹੈਰਿਸ ਨਾਲ ਫ਼ੋਨ ‘ਤੇ ਗੱਲਬਾਤ ਕੀਤੀ।

ਉਪ–ਰਾਸ਼ਟਰਪਤੀ ਕਮਲਾ ਹੈਰਿਸ ਨੇ ਪ੍ਰਧਾਨ ਮੰਤਰੀ ਨੂੰ ਕੋਵਿਡ–19 ਦੇ ਖ਼ਾਤਮੇ ਲਈ ਵੈਕਸੀਨਾਂ ਬਣਾਉਣ ਦੀਆਂ ਅਮਰੀਕੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ, ਜੋ ਉਨ੍ਹਾਂ ਦੇ ਦੇਸ਼ ਦੀ ‘ਆਲਮੀ ਪੱਧਰ ਉੱਤੇ ਵੈਕਸੀਨ ਸਾਂਝੀ ਕਰਨ ਦੀ ਰਣਨੀਤੀ’ ਦੇ ਤਹਿਤ ਭਾਰਤ ਸਮੇਤ ਹੋਰ ਦੇਸ਼ਾਂ ਲਈ ਉਪਲਬਧ ਹੋਣਗੀਆਂ।

ਪ੍ਰਧਾਨ ਮੰਤਰੀ ਨੇ ਅਮਰੀਕਾ ਦੇ ਇਸ ਫ਼ੈਸਲੇ ਤੇ ਹੋਰ ਤਰੀਕਿਆਂ ਨਾਲ ਪਿਛਲੇ ਕੁਝ ਦਿਨਾਂ ਦੌਰਾਨ ਅਮਰੀਕੀ ਸਰਕਾਰ, ਕਾਰੋਬਾਰੀ ਅਦਾਰਿਆਂ ਅਤੇ ਅਮਰੀਕਾ ‘ਚ ਵੱਸਦੇ ਪ੍ਰਵਾਸੀ ਭਾਰਤੀਆਂ ਤੋਂ ਮਿਲੀ ਮਦਦ ਤੇ ਇਕਜੁੱਟਤਾ ਲਈ ਉਪ–ਰਾਸ਼ਟਰਪਤੀ ਕਮਲਾ ਹੈਰਿਸ ਦੀ ਸ਼ਲਾਘਾ ਕੀਤੀ।

ਦੋਵੇਂ ਆਗੂਆਂ ਨੇ ਵੈਕਸੀਨ ਨਿਰਮਾਣ ਦੇ ਖੇਤਰ ਸਮੇਤ ਅਮਰੀਕਾ ਤੇ ਭਾਰਤ ਦੇ ਦਰਮਿਆਨ ਸਿਹਤ ਸਪਲਾਈ–ਚੇਨ ਨੂੰ ਮਜ਼ਬੂਤ ਕਰਨ ਦੀਆਂ ਚਲ ਰਹੀਆਂ ਕੋਸ਼ਿਸ਼ਾਂ ਬਾਰੇ ਚਰਚਾ ਕੀਤੀ। ਉਨ੍ਹਾਂ ਲੰਬੇ ਸਮੇਂ ਦੌਰਾਨ ਮਹਾਮਾਰੀ ਦੇ ਸਿਹਤ ਉੱਤੇ ਪੈਣ ਵਾਲੇ ਅਸਰ ਖ਼ਤਮ ਕਰਨ ਲਈ ਕਵਾਡ ਵੈਕਸੀਨ ਪਹਿਲ ਦੇ ਨਾਲ–ਨਾਲ ਭਾਰਤ–ਅਮਰੀਕਾ ਭਾਈਵਾਲੀ ਦੀ ਸੰਭਾਵਨਾ ਨੂੰ ਉਜਾਗਰ ਕੀਤਾ।

ਪ੍ਰਧਾਨ ਮੰਤਰੀ ਨੇ ਆਸ ਪ੍ਰਗਟਾਈ ਕਿ ਆਲਮੀ ਪੱਧਰ ਉੱਤੇ ਸਿਹਤ ਸਥਿਤੀ ਆਮ ਜਿਹੀ ਹੋਣ ਤੋਂ ਬਾਅਦ ਉਪ–ਰਾਸ਼ਟਰਪਤੀ ਕਮਲਾ ਹੈਰਿਸ ਦਾ ਛੇਤੀ ਹੀ ਭਾਰਤ ਵਿੱਚ ਸੁਆਗਤ ਕੀਤਾ ਜਾਵੇਗਾ।

ਨਵੀਂ ਦਿੱਲੀ
3 ਜੂਨ, 2021

DISCLAIMER: This is an approximate translation. The original is available in English on MEA’s website and may be referred to as the official press release.